# *2019 ONTARIO BUDGET ਦੀਆਂ ਮੁੱਖ ਜਾਣਕਾਰੀਆਂ*

11 ਅਪ੍ਰੈਲ, 2019

## ਬਜਟ ਨੂੰ ਜ਼ਿਮੇਵਾਰੀ ਦੇ ਨਾਲ ਸੰਤੁਲਿਤ ਕਰਨਾ

Ontario's Government for the People ਜ਼ਿਮੇਵਾਰ ਢੰਗ ਨਾਲ ਬਜਟ ਨੂੰ ਸੰਤੁਲਿਤ ਕਰਨ ਪ੍ਰਤੀ ਵਚਨਬੱਧ ਹੈ - ਸੂਬੇ ਦੇ ਮਾਲੀ ਸਾਧਨਾਂ ਵਿੱਚ ਭਰੋਸੇ ਨੂੰ ਮੁੜ ਬਹਾਲ ਕਰਨਾ, ਪਾਰਦਰਸ਼ਤਾ ਅਤੇ ਜਵਾਬਦੇਹੀ। ਬਜਟ ਨੂੰ ਸੰਤੁਲਿਤ ਕਰਨਾ ਉਸ ਸਭ ਦੀ ਸੁਰੱਖਿਆ ਕਰਨ ਵਿੱਚ ਸਹਾਇਤਾ ਕਰੇਗਾ - ਜੋ ਸਭ ਤੋਂ ਮਹੱਤਵਪੂਰਨ ਹੈ - ਸਿਹਤ ਦੇਖਭਾਲ, ਸਿੱਖਿਆ ਅਤੇ ਹੋਰ ਮਹੱਤਵਪੂਰਨ ਜਨਤਕ ਸੇਵਾਵਾਂ - ਅਤੇ ਯਕੀਨੀ ਬਣਾਏਗਾ ਕਿ ਲੋਕਾਂ ਕੋਲ ਆਉਣ ਵਾਲੀਆਂ ਪੀੜ੍ਹੀਆਂ ਵਾਸਤੇ ਲੁੜੀਂਦੀ ਫੰਡਿੰਗ ਹੈ। ਸਰਕਾਰ:

- 2018-19 ਵਿੱਚ $11.7 ਬਿਲੀਅਨ ਦੇ ਘਾਟੇ ਦਾ ਪੂਰਵ ਅਨੁਮਾਨ ਕਰ ਰਹੀ ਹੈ, ਪਿਛਲੀ ਸਰਕਾਰ ਤੋਂ ਵਿਰਾਸਤ ਵਿੱਚ ਮਿਲੇ $15 ਬਿਲੀਅਨ ਦੇ ਘਾਟੇ ਤੋਂ $3.3 ਬਿਲੀਅਨ ਦੇ ਸੁਧਾਰ ਦੇ ਨਾਲ।
- ਨੌਕਰੀਆਂ ਉਤਪੰਨ ਕਰਦੇ ਹੋਏ ਅਤੇ ਜੋ ਸਭ ਤੋਂ ਮਹੱਤਰਪੂਰਨ ਹੈ - ਓਨਟਾਰਿਓ ਦੀ ਵਿਸ਼ਵ ਸਤਰ ਦੀ ਸਿਹਤ ਦੇਖਭਾਲ ਅਤੇ ਸਿੱਖਿਆ ਪ੍ਰਣਾਲੀ ਸਮੇਤ ਮਹੱਤਵਪੂਰਨ ਜਨਤਕ ਸੇਵਾਵਾਂ - ਦੀ ਸੁਰੱਖਿਆ ਕਰਦੇ ਹੋਏ ਅਤੇ ਵਿਅਕਤੀਆਂ, ਪਰਿਵਾਰਾਂ ਅਤੇ ਕਾਰੋਬਾਰਾਂ ਵਾਸਤੇ ਬਹੁਤ ਲੁੜੀਂਦੀ ਰਾਹਤ ਮੁਹੱਈਆ ਕਰਦੇ ਹੋਏ, 2023-24 ਤੱਕ ਸੰਤੁਲਿਤ ਬਜਟ ਤੱਕ ਵਾਪਸ ਇੱਕ ਜ਼ਿਮੇਵਾਰ ਰਾਹ ਦਾ ਨਿਰਮਾਣ ਕਰ ਰਹੀ ਹੈ।
- ਕਰਜ਼ੇ ਦੇ ਬੋਝ ਨੂੰ ਘਟਾਉਣ ਲਈ ਜ਼ਿਮੇਵਾਰ ਨੀਤੀ ਦੇ ਨਾਲ $343,000,000,000 ਦੇ ਜਨਤਕ ਕਰਜ਼ੇ ਦੇ ਨਾਲ ਨਜਿੱਠ ਰਹੀ ਹੈ ਜਿਹੜੀ ਵਿੱਤੀ ਸਿਹਤ ਨੂੰ ਮੁੜ ਬਹਾਲ ਕਰੇਗੀ, ਮਹੱਤਵਪੂਰਨ ਸੇਵਾਵਾਂ ਨੂੰ ਬਣਾਈ ਰੱਖੇਗੀ ਅਤੇ 2022-23 ਤੱਕ ਓਨਟਾਰਿਓ ਦੇ ਕਰਜ਼ੇ -ਤੋਂ-ਜੀਡੀਪੀ ਦੇ ਕੁਲ ਅਨੁਪਾਤ ਨੂੰ ਪਿਛਲੀ ਸਰਕਾਰ ਤੋਂ ਵਿਰਾਸਤ ਵਿੱਚ ਮਿਲੇ 40.8 ਪ੍ਰਤੀਸ਼ਤ ਤੋਂ ਘੱਟ ਤੱਕ ਘਟਾਏਗੀ।
- ਪ੍ਰਸਤਾਵਿਤ Fiscal Sustainability, Transparency and Accountability Act (FSTAA) ਪੇਸ਼ ਕਰਕੇ ਓਨਟਾਰਿਓ ਦੇ ਲੋਕਾਂ ਨੂੰ ਵਿਖਾ ਰਹੀ ਹੈ ਕਿ ਸਰਕਾਰ ਜਵਾਬਦੇਹ ਹੈ। ਜਵਾਬਦਾਰ ਹੋਣ ਸੰਬੰਧੀ ਹੋਰ ਮਹੱਤਵਪੂਰਨ ਨਵੇਂ ਉਪਾਆਂ ਦੇ ਵਿੱਚ, ਪ੍ਰਸਤਾਵਿਤ FSTAA ਇੱਕ ਪ੍ਰੀਮੀਅਰ ਅਤੇ ਮੰਤਰੀ ਦੀ Accountability Guarantee ਸ਼ਾਮਲ ਕਰੇਗਾ ਜਿਹੜੀ ਉਨ੍ਹਾਂ ਵਲੋਂ ਖੁੰਝਾਈ ਗਈ ਹਰੇਕ ਜਨਤਕ ਰਿਪੋਰਟਿੰਗ ਡੈੱਡਲਾਇਨ ਦੇ ਲਈ ਉਨ੍ਹਾਂ ਦੀਆਂ ਪ੍ਰੀਮੀਅਰ ਅਤੇ ਮੰਤਰੀ ਦੀਆਂ ਤਨਖਾਹਾਂ ਵਿੱਚੋਂ 10 ਪ੍ਰਤੀਸ਼ਤ ਦੇ ਜੁਰਮਾਨੇ ਦਾ ਭੁਗਤਾਨ ਕਰਨ ਦੀ ਮੰਗ ਕਰੇਗੀ। ਮੰਤਰੀ ਨੂੰ ਜਨਤਕ ਤੌਰ ਤੇ ਸਮਝਾਉਣ ਦੀ ਲੋੜ ਹੋਵੇਗੀ ਕਿ ਡੈੱਡਲਾਇਨ ਕਿਉਂ ਖੁੰਝਾਈ ਗਈ ਅਤੇ ਰਿਪੋਰਟ ਕਦੋਂ ਜਾਰੀ ਕੀਤੀ ਜਾਵੇਗੀ।

Ontario

## ਸਭ ਤੋਂ ਮਹੱਤਵਪੂਰਨ ਦੀ ਸੁਰੱਖਿਆ

ਓਨਟਾਰਿਓ ਸਰਕਾਰ ਪਛਾਣਦੀ ਹੈ ਕਿ ਸੂਬੇ ਵਿੱਚ ਵਿਸ਼ਵ ਸਤਰ ਦੀਆਂ ਸਿਹਤ ਦੇਖਭਾਲ ਅਤੇ ਸਿੱਖਿਆ ਪ੍ਰਣਾਲੀਆਂ ਦੀ ਸੁਰੱਖਿਆ ਕਰਨ ਵਾਸਤੇ ਲੋਕਾਂ ਦੇ ਲਈ ਹਮੇਸ਼ਾ ਸਰਕਾਰ ਦੇ ਫੈਸਲਾ ਕਰਨ ਦੀ ਪ੍ਰਕਿਰਿਆ ਦੇ ਕੇਂਦਰ ਤੇ ਹੋਣਾ ਜ਼ਰੂਰੀ ਹੈ। ਸਰਕਾਰ:

- ਇੱਕ ਨਵੇਂ Ontario Childcare Access and Relief from Expenses (CARE) ਟੈਕਸ ਕ੍ਰੈਡਿਟ ਦਾ ਪ੍ਰਸਤਾਵ ਕਰ ਰਹੀ ਹੈ। CARE ਟੈਕਸ ਕ੍ਰੈਡਿਟ ਓਨਟਾਰਿਓ ਵਿੱਚ ਕਦੇ ਵੀ ਸ਼ੁਰੂ ਕੀਤੀਆਂ ਗਈਆਂ ਚਾਇਲਡ ਕੇਅਰ ਪਹਿਲਾਂ ਵਿੱਚੋਂ ਸਭ ਤੋਂ ਲਚਕੀਲੀਆਂ ਵਿੱਚੋਂ ਇੱਕ ਹੋਵੇਗਾ। ਇਹ ਅਜਿਹੀ ਯੋਜਨਾ ਹੈ ਜਿਹੜੀ ਮਾਪਿਆਂ ਨੂੰ, ਚਾਇਲਡ ਕੇਅਰ ਸੰਬੰਧੀ ਫੈਸਲਿਆਂ ਦੀ ਪ੍ਰਕਿਰਿਆਵਾਂ ਦੇ ਕੇਂਦਰ ਤੇ ਰੱਖੇਗੀ, ਸਰਕਾਰ ਨੂੰ ਨਹੀਂ। ਨਵਾਂ CARE ਟੈਕਸ ਕ੍ਰੈਡਿਟ ਲਗਭਗ 300,000 ਪਰਿਵਾਰਾਂ ਨੂੰ ਉਨ੍ਹਾਂ ਦੇ ਯੋਗ ਚਾਇਲਡ ਕੇਅਰ ਖਰਚਿਆਂ ਦਾ 75 ਪ੍ਰਤੀਸ਼ਤ ਤੱਕ ਮੁਹੱਈਆ ਕਰੇਗਾ ਅਤੇ ਪਰਿਵਾਰਾਂ ਨੂੰ ਸੈਂਟਰਾਂ, ਘਰਾਂ ਅਤੇ ਕੈਂਪਾਂ ਸਮੇਤ ਚਾਇਲਡ ਕੇਅਰ ਵਿਕਲਪਾਂ ਦੀ ਵਿਆਪਕ ਰੇਂਜ ਤੱਕ ਪਹੁੰਚਣ ਦੇਵੇਗਾ।
- ਅਗਲੇ ਪੰਜ ਸਾਲਾਂ ਵਿੱਚ , ਨਵੇਂ ਸਕੂਲਾਂ ਵਿੱਚ ਲਗਭਗ 10,000 ਸਥਾਨਾਂ ਸਮੇਤ, ਸਕੂਲਾਂ ਵਿੱਚ 30,000 ਚਾਇਲਡ ਕੇਅਰ ਸਥਾਨ ਬਣਾਉਣ ਲਈ $1 ਬਿਲੀਅਨ ਤੱਕ ਲਈ ਵਚਨਬੱਧ ਹੋ ਰਹੀ ਹੈ, ਮਾਪਿਆਂ ਅਤੇ ਪਰਿਵਾਰਾਂ ਨੂੰ ਜ਼ਿਆਦਾ ਕਿਫਾਇਤੀ ਚਾਇਲਡ ਕੇਅਰ ਲੱਭਣ ਵਿੱਚ ਸਹਾਇਤਾ ਕਰਕੇ ਉਨ੍ਹਾਂ ਦੇ ਜੀਵਨ ਨੂੰ ਜ਼ਿਆਦਾ ਅਸਾਨ ਬਣਾਉਂਦੇ ਹੋਏ।
- ਹਸਪਤਾਲਾਂ ਵਿੱਚ ਵਾਧੂ $384 ਮਿਲੀਅਨ ਅਤੇ ਰਿਹਾਇਸ਼ੀ ਅਤੇ ਕਮਿਊਨਿਟੀ ਦੇਖਭਾਲ ਵਿੱਚ ਵਾਧੂ $267 ਮਿਲੀਅਨ ਦਾ ਨਿਵੇਸ਼ ਕਰ ਰਹੀ ਹੈ। ਇਹ ਹਾਲਵੇਅ ਸਿਹਤ ਦੇਖਭਾਲ ਨੂੰ ਖਤਮ ਕਰਨ ਅਤੇ ਸਿਹਤ ਦੇ ਖਰਚਿਆਂ ਨੂੰ ਉਥੇ ਨਿਰਦੇਸ਼ਿਤ ਕਰਨ ਲਈ ਜ਼ਰੂਰੀ ਹੈ ਜਿਥੇ ਉਨ੍ਹਾਂ ਦੀ ਸਭ ਤੋਂ ਵੱਧ ਲੋੜ ਹੈ। ਇਸ ਦੇ ਨਾਲ ਹੀ, ਦੇਖਭਾਲ ਵਿੱਚ ਤਬਦੀਲੀਆਂ ਨੂੰ ਸੁਧਾਰਨ ਲਈ ਅਤੇ ਸੇਵਾਵਾਂ ਲਈ ਉਡੀਕ ਦੇ ਸਮਿਆਂ ਨੂੰ ਘਟਾਉਣ ਲਈ, ਸਰਕਾਰ ਸਿਹਤ ਦੇਖਭਾਲ ਪੇਸ਼ ਕਰਨ ਦੇ ਏਕੀਕ੍ਰਿਤ ਮਾਡਲ ਦੇ ਵਲ ਵੱਧਣ ਲਈ Ontario Health Teams ਬਣਾ ਰਹੀ ਹੈ।
- ਮਾਨਸਿਕ ਸਿਹਤ ਅਤੇ ਨਸ਼ੇੜ ਆਦਤਾਂ ਸੰਬੰਧੀ ਪ੍ਰਣਾਲੀ ਦੀ ਰਚਨਾ ਨਾਲ ਸ਼ੁਰੂਆਤ ਕਰਕੇ 10 ਸਾਲਾਂ ਵਿੱਚ ਮਾਨਸਿਕ ਸਿਹਤ, ਨਸ਼ੇੜ ਆਦਤਾਂ ਅਤੇ ਰਿਹਾਇਸ਼ ਸੰਬੰਧੀ ਸਹਾਰਿਆਂ ਦੇ ਲਈ $3.8 ਬਿਲੀਅਨ ਦਾ ਨਿਵੇਸ਼ ਕਰ ਰਹੀ ਹੈ।
- ਲਾਭਾਂ ਤੋਂ ਬਿਨਾਂ ਘੱਟ ਆਮਦਨੀ ਵਾਲੇ ਬਜ਼ੁਰਗਾਂ ਦੇ ਲਈ ਇੱਕ ਨਵੇਂ ਦੰਦਾਂ ਸੰਬੰਧੀ ਪ੍ਰੋਗਰਾਮ ਦੀ ਸ਼ੁਰੂਆਤ ਕਰ ਰਹੀ ਹੈ। $19,300 ਜਾਂ ਉਸ ਤੋਂ ਘੱਟ ਸਾਲਾਨਾ ਆਮਦਨੀ ਵਾਲੇ ਇਕੱਲੇ ਬਜ਼ੁਰਗ, ਜਾਂ $32,300 ਤੋਂ ਘੱਟ ਦੀਆਂ ਇਕੱਠੀਆਂ ਸਾਲਾਨਾ ਆਮਦਨੀਆਂ ਵਾਲੇ ਬਜ਼ੁਰਗ ਜੋੜੇ, ਸਾਰੇ ਸੂਬੇ ਵਿੱਚ ਪਬਲਿਕ ਹੈਲਥ ਯੂਨਿਟਾਂ, ਕਮਿਊਨਿਟੀ ਹੈਲਥ ਸੈਂਟਰਾਂ ਅਤੇ Aboriginal Health Access Centres ਵਿੱਚ ਦੰਦਾਂ ਸੰਬੰਧੀ ਸੇਵਾਵਾਂ ਪ੍ਰਾਪਤ ਕਰ ਸਕਣਗੇ।
- ਅਗਲੇ ਪੰਜ ਸਾਲਾਂ ਵਿੱਚ 15,000 ਨਵੇਂ ਲੌਂਗ-ਟਰਮ ਕੇਅਰ ਬੈੱਡ ਤਿਆਰ ਕਰ ਰਹੀ ਹੈ ਅਤੇ 15,000 ਪੁਰਾਣੇ ਬੈੱਡਾਂ ਨੂੰ ਸਿਹਤ ਸੰਬੰਧੀ ਜਟਿਲ ਅਵਸਥਾਵਾਂ ਵਾਲੇ ਮਰੀਜ਼ਾਂ ਲਈ ਜ਼ਿਆਦਾ ਉਚਿਤ ਦੇਖਭਾਲ ਪ੍ਰਦਾਨ ਕਰਨ ਲਈ ਅੱਪਗ੍ਰੇਡ ਕਰ ਰਹੀ ਹੈ।
- ਬਿਹਤਰ ਸਿੱਖਣ ਦਾ ਸਮਰਥਨ ਕਰਨ ਲਈ ਅਤੇ ਬੱਚਿਆਂ ਅਤੇ ਵਿਦਿਆਰਥੀਆਂ ਨੂੰ ਸੁਰੱਖਿਅਤ ਰੱਖਣ ਵਾਸਤੇ 2019-20 ਸਕੂਲੀ ਸਾਲ ਵਿੱਚ ਸਕੂਲਾਂ ਦੇ ਨਵੀਨੀਕਰਨ ਵਿੱਚ $1.4 ਬਿਲੀਅਨ ਦਾ ਨਿਵੇਸ਼ ਕਰਕੇ ਸਕੂਲਾਂ ਦੀ ਦਸ਼ਾ ਨੂੰ ਸੁਧਾਰ ਰਹੀ ਹੈ।

- ਗਣਿਤ ਅਤੇ ਵਿਗਿਆਨ ਦੇ ਨਾਲ ਨਾਲ ਕਿੱਤਿਆਂ ਅਤੇ ਕੋਡਿੰਗ ਵਰਗੇ ਨੌਕਰੀ ਸੰਬੰਧੀ ਹੁਨਰਾਂ, ਅਤੇ ਵਿੱਤੀ ਸਾਖਰਤਾ ਵਰਗੇ ਜੀਵਨ ਸੰਬੰਧੀ ਹੁਨਰਾਂ ਤੇ ਖਾਸ ਜ਼ੋਰ ਦੇ ਨਾਲ ਓਨਟਾਰਿਓ ਦੇ ਸਿੱਖਿਆ ਪਾਠਕ੍ਰਮ ਨੂੰ ਮਜ਼ਬੂਤ ਕਰ ਰਹੀ ਹੈ।
- 2019 -20 ਸਕੂਲੀ ਸਾਲ ਵਿੱਚ ਸ਼ੁਰੂਆਤ ਕਰਕੇ ਜਨਤਕ ਤੌਰ ਤੇ ਫੰਡ ਕੀਤੇ ਜਾਣ ਵਾਲੇ ਹਰੇਕ ਕਾਲਜ ਅਤੇ ਯੂਨੀਵਰਸਿਟੀ ਵਿਚਲੇ ਵਿਦਿਆਰਥੀਆਂ ਦੇ ਲਈ ਟਿਊਸ਼ਨ ਰੇਟਾਂ ਨੂੰ 10 ਪ੍ਰਤੀਸ਼ਤ ਘਟਾ ਰਹੀ ਹੈ ਅਤੇ 2020 - 21 ਸਕੂਲੀ ਸਾਲ ਦੇ ਲਈ ਟਿਊਸ਼ਨ ਨੂੰ ਫ੍ਰੀਜ਼ ਕਰ ਰਹੀ ਹੈ। ਇੱਕ ਕਾਲਜ ਪ੍ਰੋਗਰਾਮ ਵਿੱਚ ਭਰਤੀ ਵਿਦਿਆਰਥੀ ਟਿਊਸ਼ਨ ਵਿੱਚ ਲਗਭਗ $340 ਦੀ ਔਸਤ ਕਮੀ ਦੇਖਣਗੇ ਅਤੇ ਅੰਡਰਗ੍ਰੈਜੂਏਟ ਆਰਟਸ ਅਤੇ ਸਾਇੰਸ ਡਿਗਰੀ ਵਿੱਚ ਭਰਤੀ ਵਿਦਿਆਰਥੀ ਲਗਭਗ $660 ਦੀ ਔਸਤ ਕਮੀ ਦੇਖਣਗੇ।
- ਅਗਾਮੀ Housing Supply Action Plan ਦੇ ਰਾਹੀਂ ਲੁੜੀਂਦੀ ਰਿਹਾਇਸਾਂ ਦੀ ਸਪਲਾਈ ਨੂੰ ਵਧਾਉਣ ਵਿੱਚ ਸਹਾਇਤਾ ਕਰਕੇ ਘਰ ਦੀ ਮਾਲਕੀਅਤ ਅਤੇ ਘਰ ਕਿਰਾਏ ਤੇ ਲੈਣ ਨੂੰ ਜ਼ਿਆਦਾ ਕਿਫਾਇਤੀ ਬਣਾ ਰਹੀ ਹੈ।

## ਜਨਤਾ ਨੂੰ ਪਹਿਲਾਂ ਰੱਖਣਾ

ਸਰਕਾਰ ਇਸ ਤਰ੍ਹਾਂ ਜੀਵਨ ਨੂੰ ਜ਼ਿਆਦਾ ਅਸਾਨ ਬਣਾਉਣ ਅਤੇ ਲੋਕਾਂ ਵਾਸਤੇ ਚੋਣ ਅਤੇ ਸੁਵਿਧਾ ਨੂੰ ਸੁਧਾਰਨ ਪ੍ਰਤੀ ਵਚਨਬੱਧ ਹੈ:

- ਹੋਰ ਜ਼ਿਆਦਾ ਸੇਵਾਵਾਂ ਨੂੰ ਆਨਲਾਇਨ ਉਪਲਬਧ ਕਰਨ ਅਤੇ ਵਰਤਣ ਵਾਸਤੇ ਜ਼ਿਆਦਾ ਅਸਾਨ ਬਣਾਉਣ ਲਈ ਡਿਜੀਟਲ ਫਸਟ ਰਣਨੀਤੀ ਅਪਣਾ ਕੇ, ਆਮ੍ਹੋ -ਸਾਮ੍ਹਣੀਆਂ ਅਤੇ ਕਾਗਜ਼ ਤੇ ਅਧਾਰਤ ਟ੍ਰਾਂਜ਼ੈਕਸ਼ਨਾਂ ਤੋਂ ਹਟਣਾ, ਖਰਚਿਆਂ ਨੂੰ ਘਟਾਉਣ ਵਿੱਚ ਸਹਾਇਤਾ ਕਰਦੇ ਹੋਏ।
- ਗ੍ਰੇਟਰ ਟੋਰੋਂਟੋ ਖੇਤਰ ਵਿੱਚ ਚਾਰ ਰੈਪਿਡ ਟ੍ਰਾਂਜ਼ਿਟ ਪ੍ਰਾਜੈਕਟਾਂ ਨੂੰ ਸਹਾਰਾ ਦੇਣ ਲਈ $28.5 ਬਿਲੀਅਨ ਦੇ ਕੁਲ ਅਨੁਮਾਨਿਤ ਖਰਚੇ ਵਿਚੋਂ $11.2 ਬਿਲੀਅਨ ਲਈ ਵਚਨਬੱਧ ਹੋਕੇ ਨਵੇਂ ਸਬਵੇ ਬਣਾਉਣ ਅਤੇ ਉਨ੍ਹਾਂ ਨੂੰ ਵਧਾਉਣ ਲਈ ਓਨਟਾਰਿਓ ਦੇ ਇਤਿਹਾਸ ਵਿੱਚ ਪੂੰਜੀ ਦਾ ਸਭ ਤੋਂ ਵੱਡਾ ਇਕੱਲਾ ਯੋਗਦਾਨ ਕਰਕੇ। ਇਸ ਵਿਚ ਸ਼ਾਮਲ ਹਨ ਪ੍ਰਸਤਾਵਿਤ ਨਵੀਂ Ontario Line, Richmond Hill ਅਤੇ Markham ਤੱਕ Yonge North Subway Extension, Etobicoke ਤੱਕ Eglinton Crosstown West Extension ਅਤੇ 2029-30 ਤੱਕ Scarborough Subway Extension ਨੂੰ ਪੂਰਾ ਕਰਨਾ।
- ਪੰਜ ਸਾਲਾਂ ਵਿੱਚ GO Transit ਰੇਲ ਸੇਵਾ ਵਿੱਚ ਸਭ ਤੋਂ ਵੱਡੇ ਵਾਧੇ ਰਾਹੀਂ ਸੇਵਾ ਨੂੰ ਸੁਧਾਰਨਾ ਜਿਸ ਵਿੱਚ ਸ਼ਾਮਲ ਹਨ ਪ੍ਰਤੀ ਦਿਨ ਜ਼ਿਆਦਾ ਟ੍ਰਿਪ, ਰੂਟਾਂ ਵਿੱਚ ਵਾਧੇ ਦੀ ਸ਼ੁਰੂਆਤ ਕਰਨਾ ਅਤੇ ਸਾਰੇ GO Transit ਰੇਲ ਨੈੱਟਵਰਕ ਵਿੱਚ ਲਚਕੀਲੀਆਂ ਭੋਜਨ ਅਤੇ ਪੇਯ ਪਦਾਰਥ ਸੇਵਾਵਾਂ ਮੁਹੱਈਆ ਕਰਨ ਦੀ ਸੰਭਾਵਨਾ ਤੇ ਵਿਚਾਰ ਕਰਨਾ।
- ਵਾਹਨਾਂ ਵਾਸਤੇ ਬੀਮਾ (ਆਟੋ ਇੰਸੋਰੈਂਸ) ਖਰੀਦਣ ਨੂੰ ਜ਼ਿਆਦਾ ਅਸਾਨ ਬਣਾ ਕੇ, ਜਿਸ ਵਿੱਚ ਸ਼ਾਮਲ ਹੈ ਡਰਾਈਵਰਾਂ ਨੂੰ ਵੱਧ ਵਿਕਲਪ ਦੇਣਾ ਜਦੋਂ ਉਹ ਫੈਸਲਾ ਕਰਦੇ ਹਨ ਕਿ ਕਿਹੜੀ ਆਟੋ ਇੰਸੋਰੈਂਸ ਕਵਰੇਜ ਉਨ੍ਹਾਂ ਦੀਆਂ ਲੋੜਾਂ ਦੇ ਲਈ ਸਹੀ ਹੈ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਰੇਟਾਂ ਤੇ ਜ਼ਿਆਦਾ ਨਿਯੰਤ੍ਰਣ ਦਿੰਦੀ ਹੈ।

- ਅਜਿਹੇ ਕਾਨੂੰਨ ਬਣਾ ਕੇ ਬਾਲਗ ਉਪਭੋਗਤਾਵਾਂ ਅਤੇ ਕਾਰੋਬਾਰਾਂ ਲਈ ਵਿਕਲਪਾਂ ਅਤੇ ਮੌਕਿਆਂ ਨੂੰ ਸੁਧਾਰ ਕੇ ਜਿਹੜੇ ਨਗਰਪਾਲਿਕਾਵਾਂ ਨੂੰ ਜਨਤਕ ਥਾਵਾਂ, ਜਿਵੇਂ ਕਿ ਪਾਰਕਾਂ, ਵਿੱਚ ਸ਼ਰਾਬ ਪੀਣ, ਅਤੇ ਫੈਨਾਂ ਨੂੰ ਖੇਡਾਂ ਸੰਬੰਧੀ ਯੋਗ ਸਮਾਰੋਹਾਂ ਵਿੱਚ ਵਾਹਨਾਂ ਦੇ ਪਿਛਲੇ ਪਾਸੇ (ਟੇਲਗੇਟ) ਦੇ ਆਸੇ ਪਾਸੇ ਕੀਤੀਆਂ ਜਾਣ ਵਾਲੀਆਂ ਪਾਰਟੀਆਂ ਵਿੱਚ ਸ਼ਰਾਬ ਪੀਣ ਬਾਰੇ ਆਪਣੇ ਨਿਯਮ ਆਪ ਬਣਾਉਣ ਦਿੰਦੇ ਹਨ।
- ਪਰਿਵਾਰਾਂ ਵਾਸਤੇ ਉਸ ਵੇਲੇ ਟੈਕਸ ਸੰਬੰਧੀ ਰਾਹਤ ਮੁਹੱਈਆ ਕਰਨ ਦਾ ਪ੍ਰਸਤਾਵ ਕਰਕੇ ਜਦੋਂ ਉਨ੍ਹਾਂ ਨੂੰ ਉਸ ਦੀ ਸਭ ਤੋਂ ਵੱਧ ਲੋੜ ਹੈ। ਇੱਕ ਪਿਆਰੇ ਦੀ ਮੌਤ ਪਰਿਵਾਰਾਂ ਦੇ ਲਈ ਮੁਸ਼ਕਲ ਸਮਾਂ ਹੁੰਦਾ ਹੈ। 1 ਜਨਵਰੀ, 2020 ਤੋਂ ਪ੍ਰਭਾਵੀ, $50,000 ਜਾਂ ਉਸ ਤੋਂ ਘੱਟ ਦੀ ਪੂੰਜੀ ਵਾਲੀਆਂ ਟੈਕਸਯੋਗ ਜਾਇਦਾਦਾਂ ਦੇ ਲਈ Estate Administration Tax ਖਤਮ ਹੋ ਜਾਵੇਗਾ, ਅਤੇ ਵੱਡੀਆਂ ਟੈਕਸਯੋਗ ਜਾਇਦਾਦਾਂ ਦੇ ਲਈ $250 ਘੱਟ ਜਾਵੇਗਾ।

## ਕਾਰੋਬਾਰ ਲਈ ਖੁੱਲ੍ਹਾ, ਨੌਕਰੀਆਂ ਲਈ ਖੁੱਲ੍ਹਾ

ਸਰਕਾਰ, ਸਰਕਾਰੀ ਰੁਕਾਵਟਾਂ ਨੂੰ ਘਟਾ ਕੇ, ਕਾਰੋਬਾਰ ਸੰਬੰਧੀ ਖਰਚਿਆਂ ਵਿੱਚ ਕਮੀ ਕਰਕੇ ਅਤੇ ਹੋਰ ਜ਼ਿਆਦਾ ਕਾਮਿਆਂ ਨੂੰ ਸਥਾਨਕ ਨੌਕਰੀਆਂ ਦੇ ਨਾਲ ਜੋੜ ਕੇ ਓਨਟਾਰਿਓ ਨੂੰ ਕਾਰੋਬਾਰ ਲਈ ਖੁੱਲ੍ਹਾ ਅਤੇ ਨੌਕਰੀਆਂ ਲਈ ਖੁੱਲ੍ਹਾ ਬਣਾ ਰਹੀ ਹੈ। ਸਰਕਾਰ:

- Ontario Job Creation Investment Incentive ਹੇਠ ਪੂੰਜੀ ਨਿਵੇਸ਼ ਸੰਬੰਧੀ ਘਾਟਿਆਂ ਨੂੰ ਜ਼ਿਆਦਾ ਤੇਜ਼ ਰੱਦ ਕਰਨ ਰਾਹੀਂ ਛੇ ਸਾਲਾਂ ਵਿੱਚ ਸੂਬਾਈ ਕਾਰਪੋਰੇਟ ਇੰਨਕਮ ਟੈਕਸ ਰਾਹਤ ਵਿੱਚ $3.8 ਬਿਲੀਅਨ ਮੁਹੱਈਆ ਕਰ ਰਹੀ ਹੈ।
- 2020 ਤੱਕ ਸਰਕਾਰੀ ਰੁਕਾਵਟਾਂ ਵਿੱਚ 25 ਪ੍ਰਤੀਸ਼ਤ ਦੀ ਕਟੌਤੀ ਕਰ ਰਹੀ ਹੈ। ਇੱਕ ਵਾਰੀ ਪੂਰੀ ਤਰ੍ਹਾਂ ਲਾਗੂ ਕੀਤੇ ਜਾਣ ਤੋਂ ਬਾਅਦ, ਇੰਨ੍ਹਾਂ ਤਬਦੀਲੀਆਂ ਦੀ ਓਨਟਾਰਿਓ ਦੇ ਕਾਰੋਬਾਰਾਂ ਦੇ ਲਈ ਉਨ੍ਹਾਂ ਦੀ ਪਾਲਣਾ ਸੰਬੰਧੀ ਲਾਗਤ ਵਿੱਚ $400 ਮਿਲੀਅਨ ਤੋਂ ਵੱਧ ਦੇ ਨਿਰੰਤਰ ਚੱਲਣ ਵਾਲੀਆਂ ਬਚਤਾਂ ਕਰਨ ਦੀ ਉਮੀਦ ਹੈ।
- Driving Prosperity, ਓਨਟਾਰਿਓ ਦੇ ਮੋਟਰ ਵਾਹਨਾਂ ਸੰਬੰਧੀ ਸੈੱਕਟਰ ਵਿੱਚ ਮੁਕਾਬਲੇਬਾਜ਼ੀ, ਆਵਿਸ਼ਕਾਰਾਂ ਅਤੇ ਪ੍ਰਤਿਭਾ ਨੂੰ ਮਜ਼ਬੂਤ ਕਰਨ ਲਈ ਇੱਕ ਯੋਜਨਾ, ਨੂੰ ਲਾਗੂ ਕਰ ਰਹੀ ਹੈ।
- 1 ਜਨਵਰੀ, 2019 ਤੋਂ ਪ੍ਰਭਾਵੀ, Workplace Safety and Insurance Board's (WSIB) ਦੇ ਔਸਤ ਪ੍ਰੀਮੀਅਮ ਰੇਟਾਂ ਨੂੰ ਬੀਮਾ ਕੀਤੇ ਜਾ ਸਕਣ ਵਾਲੀ ਤਨਖਾਹ ਦੇ ਹਰੇਕ $100 ਤੇ $2.35 ਤੋਂ $1.65 ਤੱਕ ਘਟਾਉਣ ਦਾ ਸਮਰਥਨ ਕਰ ਰਹੀ ਹੈ, ਜੋ 2019 ਵਿੱਚ ਰੁਜ਼ਗਾਰਦਾਤਾਵਾਂ ਲਈ $1.45 ਬਿਲੀਅਨ ਦੀ ਬਚਤ ਕਰੇਗਾ।
- ਅਜਿਹੇ ਪ੍ਰੋਗਰਾਮ ਸਥਾਪਿਤ ਕਰ ਰਹੀ ਹੈ ਜਿਹੜੇ ਓਨਟਾਰਿਓ ਦੇ ਲੋਕਾਂ ਨੂੰ ਮਹਾਰਤ ਵਾਲੇ ਕਿੱਤਿਆਂ (ਟ੍ਰੇਡਾਂ) ਵਿੱਚ ਵੜਨ, ਮੁੜ ਕੇ ਸਿਖਲਾਈ ਪ੍ਰਾਪਤ ਕਰਨ ਅਤੇ ਟ੍ਰੇਡਾਂ ਵਿੱਚ ਨੌਕਰੀਆਂ ਬਾਰੇ ਸਚੇਤ ਹੋਣ ਲਈ ਉਤਸ਼ਾਹਿਤ ਕਰਦੇ ਹਨ।
- ਜ਼ਿਆਦਾ ਹੁਨਰਮੰਦ ਆਵਾਸੀਆਂ ਨੂੰ ਛੋਟੇ ਭਾਈਚਾਰਿਆਂ ਤੱਕ ਲਿਆਉਣ ਲਈ ਇੱਕ ਪਾਇਲਟ ਪ੍ਰੋਗਰਾਮ ਦੀ ਸ਼ੁਰੂਆਤ ਕਰ ਰਹੀ ਹੈ।

## BACKGROUNDER

- ਨਵਾਂ Northern Ontario Internship Program ਸਿਰਜ ਰਹੀ ਹੈ ਜਿਹੜਾ ਇਸ ਲੋੜ ਨੂੰ ਹਟਾਏਗਾ ਕਿ ਇੰਟਰਨਸ਼ਿਪ ਉਮੀਦਵਾਰ ਹਾਲੀਆ ਯੂਨੀਵਰਸਿਟੀ ਜਾਂ ਕਾਲਜ ਗ੍ਰੈਜੁਏਟ ਹੋਣ, ਜੋ ਨਵੇਂ ਕਾਮਿਆਂ, ਨਵਾਂ ਕੈਰੀਅਰ ਸ਼ੁਰੂ ਕਰ ਰਹੇ ਲੋਕਾਂ, ਬੇਰੋਜ਼ਗਾਰ ਲੋਕਾਂ ਅਤੇ ਆਪਣੀ ਯੋਗਤਾ ਨਾਲੋਂ ਘੱਟ ਨੌਕਰੀ ਕਰ ਰਹੇ ਲੋਕਾਂ ਨੂੰ ਪ੍ਰੋਗਰਾਮ ਵਾਸਤੇ ਯੋਗ ਹੋਣ ਦੀ ਇਜਾਜ਼ਤ ਦੇਵੇਗਾ।
- ਸੰਘੀ ਸਰਕਾਰ ਦੇ ਨੌਕਰੀਆਂ ਨੂੰ ਨਸ਼ਟ ਕਰਨ ਵਾਲੇ ਕਾਰਬਨ ਟੈਕਸ ਦਾ ਮੁਕਾਬਲਾ ਕਰ ਰਹੀ ਹੈ, ਜਿਹੜਾ ਮੋਟਰ ਵਾਹਨਾਂ, ਨਿਰਮਾਣ, ਆਵਾਜਾਈ, ਖਨਨ ਅਤੇ ਜੰਗਲਾਤ ਸੰਬੰਧੀ ਗਤੀਵਿਧੀਆਂ ਲਈ ਖਰਚਿਆਂ ਨੂੰ ਵਧਾਏਗਾ ਅਤੇ ਹਜ਼ਾਰਾਂ ਨੌਕਰੀਆਂ ਨੂੰ ਖਤਰੇ ਵਿੱਚ ਪਾਵੇਗਾ।

Ontario